ਭਾਰਿਬੈਂ/2007-08/76

ਡੀਜੀਬੀਏ.ਸੀਡੀਡੀ. ਨੰਃ ਐਚ-......../13.01.299/2007-08

2 ਜੁਲਾਈ, 2007

11 ਆਸਾੜ, 1929 (ਸ਼ਕ)

*ਪ੍ਰਧਾਨ/ਪ੍ਰਬੰਧ ਨਿਦੇਸ਼ਕ*

*ਭਾਰਤੀ ਸਟੇਟ ਬੈਂਕ ਅਤੇ ਇਸ ਦੇ ਸਹਾਇਕ ਬੈਂਕ*

*ਅਤੇ 17 ਰਾਸ਼ਟਰੀ ਬੈਂਕ*

*ਪ੍ਰਬੰਧ ਨਿਦੇਸ਼ਕ, ਆਈਸੀਆਈਸੀਆਈ ਬੈਂਕ ਲਿ./ਆਈ.ਡੀ.ਬੀ.ਆਈ. ਲਿ./*

*ਐਚਡੀਐਫਸੀ ਬੈਂਕ ਲਿ./ਯੁਟੀਆਈ ਬੈਂਕ ਲਿ./*

*ਸਟਾਕ ਹੋਲਡਿੰਗ ਕਾਰਪੋਰੇਸ਼ਨ ਆਫ਼ ਇੰਡੀਆ ਲਿ.*

ਸ਼੍ਰੀਮਾਨ ਜੀ

*ਰਾਹਤ/ਬਚਤ ਬਾਂਡ ਦੇ ਲਈ ਦਲਾਲੀ ਆਦਿ ਦੀਆਂ ਦਰਾਂ ਤੇ ਪ੍ਰਮੁੱਖ ਸਰਕੂਲਰ*

ਸਰਕਾਰੀ ਅਤੇ ਬੈਂਕ ਲੇਖਾ ਵਿਪਾਗ, ਕੇਂਦਰੀ ਦਫ਼ਤਰ ਸਮੇਂ ਸਮੇਂ ਤੇ ਰਾਹਤ/ਬਚਤ ਬਾਂਡ ਲਈ ਦਲਾਲੀ ਦੀਆਂ ਦਰਾਂ ਸਬੰਧੀ ਹਦਾਇਤਾਂ ਜਾਰੀ ਕਰਦਾ ਰਿਹਾ ਹੈ। ਦਫਤਰਾਂ/ਏਜੰਸੀ ਬੈਂਕਾਂ ਨੂੰ ਉਕਤ ਵਿਸ਼ੇ ਵਿਚ ਪਰਿਚਲਤ ਸਾਰੀਆਂ ਪਰਿਚਾਲਨਾਤਮਕ ਹਦਾਇਤਾਂ ਇਕ ਹੀ ਜਗ੍ਹਾ ਤੇ ਉਪਲਬੱਧ ਕਰਵਾਉਣ ਦੇ ਮਨੋਰਥ ਨਾਲ ਰਾਹਤ/ਬਚਤ ਬਾਂਡ ਲਈ ਦਲਾਲੀ ਆਦਿ ਦੀਆਂ ਦਰਾਂ ਸਬੰਧੀ ਇਕ

ਪ੍ਰਮੁੱਖ ਸਰਕੂਲਰ ਤਿਆਰ ਕੀਤਾ ਗਿਆ ਹੈ, ਜੋ ਇਸ ਦੇ ਨਾਲ ਨੱਥੀ ਹੈ। ਤੁਸੀਂ ਸਾਡੀ ਵੈਬੱਸਾਈਟ www.rbi.org.in ਤੇ ਵੀ ਇਸ ਸਰਕੂਲਰ ਨੂੰ ਪ੍ਰਾਪਤ ਕਰ ਸਕਦੇ ਹੋ।

2 . ਕਿਰਪਾ ਕਰਕੇ ਪਹੁੰਚ ਭੇਜੋ।

ਹਿਤੂ,

(*ਬੀ. ਕੇ. ਮਿਸ਼ਰਾ*)

ਮਹਾਂਪ੍ਰਬੰਧਕ

ਨੰ: 76

# ਪ੍ਰਮੁੱਖ ਸਰਕੂਲਰ

## ਰਾਹਤ / ਬਚਤ ਬਾਂਡ ਦੇ ਲਈ

## ਰਜਿਸਟਰਡ ਦਲਾਲਾਂ ਨੂੰ ਦਲਾਲੀ ਭੁਗਤਾਨ ਦੀਆਂ ਦਰਾਂ

ਭਾਰਤੀ ਰਿਜ਼ਰਵ ਬੈਂਕ

ਸਰਕਾਰੀ ਅਤੇ ਬੈਂਕ ਲੇਖਾ ਵਿਭਾਗ

ਕੇਂਦਰੀ ਕਰਜ਼ਾ ਸ਼ਾਖਾ

ਕੇਂਦਰੀ ਦਫ਼ਤਰ, ਮੁੰਬਈ

# ਪ੍ਰਮੁੱਖ ਸਰਕੂਲਰ

## ਬਚਤ ਬਾਂਡ ਦੇ ਲਈ ਦਲਾਲੀ ਦਾ ਭੁਗਤਾਨ ਅਤੇ ਉਸ ਦੀਆਂ ਦਰਾਂ

*ਦਲਾਲੀ ਦੀਆਂ ਦਰਾਂ*

ਭਾਰਤੀ ਰਿਜ਼ਰਵ ਬੈਂਕ ਦੇ ਦਫ਼ਤਰਾਂ ਵਿਚ ਬੀਐਲਏ ਫਾਰਮ ਵਿਚ ਬਾਂਡ ਦੇ ਲਈ, ਉਨ੍ਹਾਂ ਦੇ ਗਾਹਕਾਂ ਵਲੋਂ ਕੀਤੇ ਗਏ ਨਿਵੇਸ਼ ਦੀ ਪ੍ਰਤੀਬੇਨਤੀ ਪੇਸ਼ ਕਰਨ ਤੇ ਭਾਰਤੀ ਰਿਜ਼ਰਵ ਬੈਂਕ ਦਫ਼ਤਰਾਂ ਵਿਚ ਰਜਿਸਟਰਡ ਦਲਾਲਾਂ ਨੂੰ ਪ੍ਰਤੀ ਰੁਪਏ 100/- ਦੇ ਲਈ 0.50 (ਪੰਜਾਹ ਪੈਸੇ ਕੇਵਲ) ਦੀ ਦਰ ਨਾਲ ਦਲਾਲੀ ਦੀ ਰਕਮ ਦਾ ਭੁਗਤਾਨ ਕੀਤਾ ਜਾਵੇਗਾ। ਪ੍ਰਤੀਬੇਨਤੀ ਤੇ ਦਲਾਲ ਦੀ ਮੋਹਰ ਹੋਣੀ ਚਾਹੀਦੀ ਹੈ। ਸਟਾਕ ਪ੍ਰਮਾਣ ਪੱਤਰਾਂ ਸੰਬੰਧੀ ਕੋਈ ਦਲਾਲੀ ਨਹੀਂ ਦਿੱਤੀ ਜਾਵੇਗੀ।

ਆਪਣੇ ਗਾਹਕਾਂ ਵਲੋਂ ਪਦਨਾਮਤ ਸ਼ਾਖਾਵਾਂ ਵਿਚ, ਬੀਐਲਏ ਫ਼ਾਰਮ ਵਿਚ ਬਾਂਡ ਦੇ ਲਈ ਕੀਤੀ ਗਏ ਨਿਵੇਸ਼ ਦੀ ਪ੍ਰਤੀਬੇਨਤੀ ਪੇਸ਼ ਕਰਨ ਤੇ ਏਜੰਸੀ ਬੈਂਕਾਂ ਦਫ਼ਤਰਾਂ ਵਿਚ ਰਜਿਸਟਰਡ ਦਲਾਲਾਂ ਨੂੰ ਪ੍ਰਤੀ ਰੁਪਏ 100/- ਦੇ ਲਈ 1.00 (ਕੇਵਲ ਇਕ ਰੁਪਿਆ) ਦੀ ਦਰ ਨਾਲ ਦਲਾਲੀ ਦੀ ਰਕਮ ਦਾ ਭੁਗਤਾਨ ਕੀਤਾ ਜਾਵੇਗਾ। ਪ੍ਰਤੀਬੇਨਤੀ ਤੇ ਦਲਾਲ ਦੀ ਮੋਹਰ ਹੋਣੀ ਚਾਹੀਦੀ ਹੈ। (25 ਜੁਲਾਈ 2000 ਦਾ ਹਵਾਲਾ ਸੀਓ.ਡੀਟੀ. 13.01.201/432/2000-01)

ਜੇਕਰ ਦਲਾਲ ਖ਼ੁਦ ਹੀ ਨਿਵੇਸ਼ਕ/ਪ੍ਰਤੀਬੇਨਤੀਕਰਤਾ ਹੈ ਤਾਂ ਉਸ ਨੂੰ ਕੋਈ ਦਲਾਲੀ ਨਹੀਂ ਦਿੱਤੀ ਜਾਵੇਗੀ। (29 ਅਕਤੂਬਰ, 2003 ਦਾ ਹਵਾਲਾ ਸੀਓ.ਡੀਟੀ. 13.01.298/ਐਚ-2411/03-04)

*<u>ਦਲਾਲੀ ਦੇ ਭੁਗਤਾਨ ਤੇ ਕੋਈ ਟੀਡੀਐਸ ਨਹੀਂ</u>* :- ਦਫ਼ਤਰ/ਏਜੰਸੀ ਬੈਂਕ ਕਿਰਪਾ ਨੋਟ ਕਰਨ ਕਿ ਆਮਦਨ ਕਰ ਅਧਿਨਿਯਮ, 1961 ਦੀ ਧਾਰਾ 194 (ਐਚ) ਦੇ ਹਵਾਲੇ ਵਿਚ ਦਲਾਲਾਂ ਦੁਆਰਾ ਕੀਤੇ ਗਏ ਬਚਤ ਬਾਂਡ ਕਾਰੋਬਾਰ ਸਬੰਧੀ ਕਲਾਲੀ ਦਾ ਭੁਗਤਾਨ ਕਰਦੇ ਸਮੇਂ ਸ੍ਰੋਤ ਤੇ ਕਰ ਦੀ ਕਟੌਤੀ ਕਰਨਾ ਜ਼ਰੂਰੀ ਨਹੀਂ ਹੈ। (28 ਮਈ, 2001 ਦਾ ਹਵਾਲਾ ਸੀਓ.ਡੀਟੀ.201/5900/ 2000-01 ਅਤੇ 3 ਜਨਵਰੀ, 2004 ਦਾ ਸੀਓ.ਡੀਟੀ.13.01.298/ਐਚ-3660/2003-04)

ਦਫ਼ਤਰਾਂ/ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨਿਵੇਸ਼ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਹਰ ਹਾਲ ਵਿਚ ਅਤਿ ਸ਼ੀਘਰ ਦਲਾਲੀ ਦਾਅਵਿਆਂ ਦਾ ਨਿਪਟਾਰਾ ਕਰਨ। (13 ਜੂਨ, 2001 ਦਾ ਸੀਓ.ਡੀਟੀ.13.01.201/6260/2000-01)

ਏਜੰਸੀ ਬੈਂਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਭ ਤੋਂ ਪਹਿਲਾਂ ਦਲਾਲੀ ਦਾਅਵਿਆਂ ਦਾ ਨਿਪਟਾਰਾ ਕਰਨ ਅਤੇ ਇਸ ਤੋਂ ਬਾਅਦ ਭਾਰਤੀ ਰਿਜ਼ਰਵ ਬੈਂਕ ਤੋਂ ਪ੍ਰਤੀਪੂਰਤੀ ਦੀ ਮੰਗ ਕਰਨ। (8 ਮਾਰਚ, 2001 ਦਾ ਸੀਓ.ਡੀਟੀ.13.01.201/4668/2000-01)

ਗਾਹਕ ਸੇਵਾ ਵਿਚ ਸੁਧਾਰ ਦੇ ਲਈ ਇਕ ਉਪਾਅ ਦੇ ਰੂਪ ਵਿਚ, ਦਫ਼ਤਰ/ਏਜੰਸੀ ਬੈਂਕ ਏਜੰਟਾਂ ਤੋਂ ਜ਼ਰੂਰੀ ਆਦੇਸ਼ ਪ੍ਰਾਪਤ ਕਰਨ ਤੋਂ ਬਾਅਦ ਮਾਸਕ ਆਧਾਰ ਤੇ ਉਨ੍ਹਾਂ ਨੂੰ ਈਸੀਐਸ ਰਾਹੀਂ ਉਨ੍ਹਾਂ ਦੇ ਖਾਤੇ ਵਿਚ ਦਲਾਲੀ ਦੀ ਰਕਮ ਕ੍ਰੈਡਿਟ ਕਰਨ ਦਾ ਪ੍ਰਬੰਧ ਕਰਨ। (23 ਮਈ, 2003 ਦਾ ਸੀਓ. ਡੀਟੀ.13.01.298/ਐਚ-4677/2002-03)

1 ਜੁਲਾਈ, 2002 ਤੋਂ ਬਚਤ ਸਬੰਧੀ ਦਲਾਲੀ ਦੀ ਪ੍ਰਤੀਪੂਰਤੀ ਨੂੰ ਸੀਏਐਸ ਨਾਗਪੁਰ ਵਿਚ ਕੇਂਦਰਿਤ ਕੀਤਾ ਜਾ ਚੁੱਕਾ ਹੈ ਅਤੇ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਮਾਸਾਂਤ ਵਿਚ ਕਾਰੋਬਾਰ ਦੀ

ਸਮਾਪਤੀ ਤੇ ਸੀਏਐਸ ਨੂੰ ਪ੍ਰੇਸ਼ਤ ਨਿਧੀਆਂ ਦੇ ਆਧਾਰ ਤੇ ਏਜੰਸੀਆਂ ਨੂੰ ਦੇਣਯੋਗ ਦਲਾਲੀ ਦੇ 90 ਪ੍ਰਤੀਸ਼ਤ ਦਾ ਭੁਗਤਾਨ ਅਗਲੇ ਮਹੀਨੇ ਦੇ ਤੀਸਰੇ ਕਾਰਜੀ ਦਿਨ ਨੂੰ ਕੀਤਾ ਜਾਵੇਗਾ। ਬਕਾਇਆ 10% ਦਾ ਨਿਪਟਾਰਾ, ਅਪੈਂਡਿਕਸ ਨੂੰ ਪੇਸ਼ ਕਰਨ ਤੋਂ ਬਾਅਦ ਕਰ ਦਿੱਤਾ ਜਾਵੇਗਾ। (25 ਜੂਨ, 2002 ਦਾ ਸੀਓ.ਡੀਟੀ.13.01.272/11032/2001-02 ਅਤੇ 26 ਫਰਵਰੀ, 2003 ਦਾ ਸੀਓ.ਡੀਟੀ.13.01.272/ਐਚ-2906/2002-03)

*ਜੇਕਰ ਕਿਸੀ ਵਿਸ਼ੇਸ਼ ਮਾਮਲਿਆਂ ਵਿਚ ਵਿਸਤਾਰਪੂਰਵਕ ਸਪੱਸ਼ਟੀਕਰਲ ਦੀ ਜ਼ਰੂਰਤ ਹੋਵੇ ਤਾਂ ਉਪਰ ਲਿਖਤ ਸਰਕੂਲਰਾਂ ਨੂੰ ਵਾਚੋ।*